# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

**ਛੇਵੀਂ ਮੰਜਿਲ ਬਲਾਕ-ਈ ਵਿੱਦਿਆ ਭਵਨ ਪੀ.ਐਸ.ਈ.ਬੀ. ਕੰਪਲੈਕਸ ਫੇਜ਼-8, ਐਸ.ਏ.ਐਸ.ਨਗਰ**

**Email : directorscert@punjabeducation.gov.in ਫੋਨ ਨੰ: 0172-2212221**


ਵੱਲ:

ਸਮੂਹ ਜਿਲ੍ਹਾ ਸਿੱਖਿਆ ਅਫਸਰ(ਐ.ਸਿ.)
ਪੰਜਾਬ ।

ਮੀਮੋ ਨੰ. 776613 ਮਿਤੀ :ਸ.ਅ.ਸ ਨਗਰ;12-08-2025

**ਵਿਸ਼ਾ: ਸੈਸ਼ਨ 2025-26 ਲਈ ਪੰਜਵੀਂ ਜਮਾਤ ਦੇ ਸਾਲਾਨਾ ਮੁਲਾਂਕਣ ਸੰਬਧੀ ਦਿਸ਼ਾ ਨਿਰਦੇਸ਼।**

- ਸੈਸ਼ਨ 2025-26 ਲਈ ਪੰਜਵੀਂ ਜਮਾਤ ਦੇ ਰਾਜ ਦੇ ਈ -ਪੰਜਾਬ ਪੋਰਟਲ ਤੇ ਰਜਿਸਟਰਡ ਸਮੂਹ ਸਰਕਾਰੀ ਅਤੇ ਗੈਰ ਸਰਕਾਰੀ ਸਕੂਲਾਂ ਦਾ ਲਰਨਿੰਗ ਆਊਟ ਕਮ ਸਿਸਟਮ ਰਾਹੀਂ ਕੇਂਦਰੀਕ੍ਰਿਤ ਪ੍ਰਣਾਲੀ ਅਨੁਸਾਰ ਮੁਲਾਂਕਣ ਮਾਰਚ-2026 ਅਤੇ ਮੁੜ ਮਲਾਂਕਣ ਮਈ-2026 ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਵੱਲੋਂ ਕੰਡਕਟ ਕਰਵਾਇਆ ਜਾਵੇਗਾ।
- ਸੈਸ਼ਨ 2025-26 ਲਈ ਪੰਜਵੀਂ ਜਮਾਤ ਦੇ ਰਾਜ ਦੇ ਸਮੂਹ ਵਿਦਿਆਰਥੀਆਂ ਦਾ ਸਾਲਾਨਾ ਮੁਲਾਂਕਣ ਮਾਰਚ-2026 ਵਿੱਚ ਕਰਵਾਈਆ ਜਾਵੇਗਾ; ਪਾਸ ਵਿਦਿਆਰਥੀ ਨੂੰ ਪ੍ਰਮੋਟ ਅਤੇ ਫੇਲ ਜਾਂ ਗੈਰਹਾਜ਼ਰ ਵਿਦਿਆਰਥੀਆਂ ਨੂੰ ਹੈਲਡ ਘੋਸ਼ਿਤ ਕੀਤਾ ਜਾਵੇਗਾ।
- ਸੈਸ਼ਨ 2025-26 ਲਈ ਪੰਜਵੀਂ ਜਮਾਤ ਦੇ ਰਾਜ ਦੇ ਜੋ ਵਿਦਿਆਰਥੀ ਸਾਲਾਨਾ ਮੁਲਾਂਕਣ ਮਾਰਚ-2026 ਵਿੱਚ ਫੇਲ ਹੋ ਗਏ ਜਾਂ ਕਿਸੇ ਕਾਰਨ ਕਿਸੇ ਪੇਪਰ ਵਿੱਚ ਗੈਰ ਹਾਜ਼ਰ ਰਹਿ ਗਏ ਤਾਂ ਅਜਿਹੇ ਵਿਦਿਆਰਥੀਆਂ ਨੂੰ ਮਈ-2026 ਵਿੱਚ ਇੱਕ ਮੌਕਾ ਦਿੰਦੇ ਹੋਏ ਮੁੜ ਮੁਲਾਂਕਣ ਮਈ-2026 ਕੰਡਕਟ ਕਰਵਾਇਆ ਜਾਵੇਗਾ।
- ਸੈਸ਼ਨ 2025-26 ਲਈ ਪੰਜਵੀਂ ਜਮਾਤ ਦੇ ਸਾਲਾਨਾ ਮੁਲਾਂਕਣ ਲਈ ਸਿਲੇਬਸ ਅਪ੍ਰੈਲ-2025 ਤੋਂ ਫਰਵਰੀ-2026 ਤੱਕ ਦਾ ਹੋਵੇਗਾ। ਹਰੇਕ ਵਿਸ਼ੇ ਲਈ 80 ਅੰਕ ਲਿਖਤੀ ਅਤੇ 20 ਅੰਕ ਸੀ.ਸੀ.ਈ . ਦੇ ਹੋਣਗੇ ਅਤੇ ਮੁਲਾਂਕਣ ਕੁੱਲ 500 ਅੰਕਾਂ ਦਾ ਹੋਵੇਗਾ।

- ਉਕਤ ਮੁਲਾਂਕਣਾਂ ਲਈ ਕੇਵਲ ਪਹਿਲੀ ਭਾਸ਼ਾ(ਪੰਜਾਬੀ/ਹਿੰਦੀ/ਉਰਦੂ),ਦੂਜੀ ਭਾਸ਼ਾ(ਪੰਜਾਬੀ/ਹਿੰਦੀ/ਉਰਦੂ ), ਅੰਗਰੇਜ਼ੀ, ਗਣਿਤ ਅਤੇ ਵਾਤਾਵਰਨ ਸਿੱਖਿਆ ਦੇ ਮੁਲਾਂਕਣ ਟੂਲ (ਪ੍ਰਸ਼ਨ ਪੱਤਰ ਕਮ ਉਤਰਪੱਤਰੀਆਂ ) ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ ਵੱਲੋਂ ਤਿਆਰ ਕੀਤੇ ਜਾਣਗੇ।
- ਇਸ ਤੋਂ ਇਲਾਵਾ ਵਿਸ਼ਿਆਂ ਦੇ ਮੁਲਾਂਕਣ ਟੂਲ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਵੱਲੋਂ ਤਿਆਰ ਕਰਵਾਏ ਜਾਣਗੇ।
- ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ ਮੁਲਾਂਕਣ ਟੂਲ ਸੰਬਧਤ ਅਧਿਆਪਕ ਵੱਲੋਂ ਹੀ ਤਿਆਰ ਕੀਤੇ ਜਾਣਗੇ।
- ਉਕਤ ਮੁਲਾਂਕਣਾਂ ਲਈ ਸੰਬਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ.) ਜਿਲ੍ਹਾ ਨੋਡਲ ਅਫਸਰ ਹੋਣਗੇ ਜੋ ਕਿ ਸਮੁੱਚੇ ਮੁਲਾਂਕਣ ਦੇ ਅਗਵਾਈ ਅਤੇ ਮੋਨਿਟਰਿੰਗ ਕਰਨਗੇ।
- ਸੰਬਧਤ ਬਲਾਕ ਪ੍ਰਾਈਮਰੀ ਸਿੱਖਿਆ ਅਫਸਰ ਇਹਨਾਂ ਮੁਲਾਂਕਣਾਂ ਦੇ ਸਹਾਇਕ ਨੋਡਲ ਅਫਸਰ ਹੋਣਗੇ ਜੋਕਿ ਆਪਣੇ ਬਲਾਕ ਅਧੀਨ ਸੈਂਟਰ ਹੈੱਡ ਟੀਚਰ ਦੀ ਸਹਾਇਤਾ ਨਾਲ ਅੰਤਰ ਕਲਸਟਰ ਨਿਗਰਾਨਾਂ ਦੀ ਨਿਯੁਕਤੀ ਕਰਦੇ ਹੋਏ ਮੁਲਾਂਕਣ ਕੰਡਕਟ ਕਰਵਾਉਣਗੇ।
- ਕਿਉਂ ਜੋ ਸਾਲਾਨਾ ਮੁਲਾਂਕਣ ਮਾਰਚ-2026 ਅਤੇ ਮੁੜ ਮੁਲਾਂਕਣ ਮਈ-2026 ਦੇ ਈ -ਸਰਟੀਫਿਕੇਟਾਂ ਤੇ ਵੇਰਵੇ ਉਹੀ ਉਕਰੇ ਜਾਣਗੇ ਜੋ ਈ ਪੰਜਾਬ ਪੋਰਟਲ ਤੇ ਉਪਲੱਬਧ ਹੋਣਗੇ ਸੋ ਇਸ ਲਈ ਈ ਪੰਜਾਬ ਪੋਰਟਲ ਤੇ ਵਿਦਿਆਰਥੀਆਂ ਦੇ ਵੇਰਵੇ ਧਿਆਨ ਨਾਲ ਮਿਤੀ 30-09-202 5 ਤੱਕ ਸਹੀ ਕਰ ਲੈਣਾ ਯਕੀਨੀ ਬਣਾਇਆ ਜਾਵੇ,ਇਸ ਤੋਂ ਬਾਂਅਦ ਹਰ ਕਿਸਮ ਦੀ ਦਰੁਸਤੀ ਦੀ ਜਿੰਮੇਵਾਰੀ ਸੰਬਧਤ ਸਕੂਲ ਮੁਖੀ ਦੀ ਹੋਵੇਗੀ।

ਕਿਰਨ ਸ਼ਰਮਾ(ਪੀ.ਸੀ.ਐਸ.)

ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ

ਪਿੱਠਅੰਕਣ ਨੰ: ਉਕਤ ਮਿਤੀ: ਸ.ਅ.ਸ ਨਗਰ;12-08-2025

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ।

1.ਨਿਜੀ ਸਹਾਇਕ, ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ ।

2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,ਪੰਜਾਬ।

3.ਰਾਜ ਦੇ ਸਮੂਹ ਸਕੂਲ ਮੁਖੀ ।

ਸਹਾਇਕ ਡਾਇਰੈਕਟਰ(ਪ੍ਰੀਖਿਆਵਾਂ)

ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ